NYC Mayor's Office of Immigrant Affairs

# ਇਮੀਗ੍ਰੇਸ਼ਨ ਕੋਰਟ 101

Punjabi | ਪੰਜਾਬੀ

**ਇਮੀਗ੍ਰੇਸ਼ਨ ਕੋਰਟ** ਵਿੱਚ, ਤੁਹਾਨੂੰ ਇਮੀਗ੍ਰੇਸ਼ਨ ਜੱਜ ਦੇ ਸਾਮ੍ਹਣੇ ਆਪਣਾ ਕੇਸ ਲੜਨ ਅਤੇ ਇਹ ਦੱਸਣ ਦਾ ਮੌਕਾ ਮਿਲੇਗਾ ਕਿ ਤੁਹਾਨੂੰ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਕਿਉਂ ਦਿੱਤੀ ਜਾਣੀ ਚਾਹੀਦੀ ਹੈ। ਜੇਕਰ ਤੁਸੀਂ ਇਮੀਗ੍ਰੇਸ਼ਨ ਕੋਰਟ ਵਿੱਚ ਕੇਸ ਹਾਰ ਜਾਂਦੇ ਹੋ, ਤਾਂ ਤੁਸੀਂ ਇੱਕ ਅਪੀਲ ਦਾਇਰ ਕਰ ਸਕਦੇ ਹੋ।

**ਤੁਹਾਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ, ਜੇਕਰ:**

- ਤੁਸੀਂ ਇਮੀਗ੍ਰੇਸ਼ਨ ਕੋਰਟ ਵਿੱਚ ਕੇਸ ਹਾਰ ਜਾਂਦੇ ਹੋ ਅਤੇ ਅਪੀਲ ਨਹੀਂ ਕਰਦੇ,
- ਤੁਸੀਂ ਅਪੀਲ ਕਰਦੇ ਹੋ ਅਤੇ ਹਾਰ ਜਾਂਦੇ ਹੋ।

## ਇਮੀਗ੍ਰੇਸ਼ਨ ਕੋਰਟ ਵਿਚ ਕੌਣ ਹੋਵੇਗਾ?



- ਉੱਥੇ ਇੱਕ **ਇਮੀਗ੍ਰੇਸ਼ਨ ਜੱਜ** ਹੋਣਗੇ ਜੋ ਇਹ ਨਿਰਧਾਰਿਤ ਕਰਨਗੇ ਕਿ ਤੁਹਾਨੂੰ ਅਮਰੀਕਾ ਵਿੱਚ ਰਹਿਣ ਦੀ ਇਜਾਜਤ ਹੈ ਜਾਂ ਨਹੀਂ।
- ਉੱਥੇ **ਇੱਕ ਅਟਾਰਨੀ** ਹੋਵੇਗਾ ਜੋ ਸਰਕਾਰ ਲਈ ਕੰਮ ਕਰਦਾ ਹੈ। ਉਸਦਾ ਕੰਮ ਅਮਰੀਕੀ ਸਰਕਾਰ ਦੀ ਨੁਮਾਇੰਦਗੀ ਕਰਨਾ ਹੈ। ਉਹ ਤੁਹਾਡੇ ਲਈ ਕੰਮ ਨਹੀਂ ਕਰਦਾ।
- **ਜੇਕਰ ਤੁਹਾਡੇ ਕੋਲ ਕੋਈ ਅਟਾਰਨੀ ਹੈ** ਤਾਂ, ਉਸਨੂੰ ਹਮੇਸ਼ਾ ਤੁਹਾਡੇ ਨਾਲ ਕੋਰਟ ਵਿੱਚ ਮੌਜੂਦ ਰਹਿਣ ਦੀ ਇਜਾਜ਼ਤ ਹੋਵੇਗੀ, ਅਤੇ ਉਹ ਤੁਹਾਨੂੰ ਕਾਲ ਕਰ ਸਕਦਾ ਹੈ ਅਤੇ ਤੁਹਾਨੂੰ ਮਿਲ ਵੀ ਸਕਦਾ ਹੈ।

**ਯਾਦ ਰੱਖੋ: ਸਰਕਾਰ ਤੁਹਾਨੂੰ ਅਟਾਰਨੀ ਨਹੀਂ ਦੇਵੇਗੀ, ਪਰ ਤੁਸੀਂ ਇੱਕ ਅਟਾਰਨੀ ਨਿਯੁਕਤ ਕਰ ਸਕਦੇ ਹੋ ਜੋ ਕੋਰਟ ਵਿੱਚ ਤੁਹਾਡੀ ਨੁਮਾਇੰਦਗੀ ਕਰੇਗਾ।**

## ਆਪਣੀ ਇਮੀਗ੍ਰੇਸ਼ਨ ਕੋਰਟ ਦੀ ਤਾਰੀਖ਼ ਚੈੱਕ ਕਰਨਾ

- ਆਪਣੀ ਕੋਰਟ ਦੀ ਤਾਰੀਖ਼ ਚੈੱਕ ਕਰਨ ਲਈ, ਤੁਹਾਨੂੰ ਆਪਣੇ A-ਨੰਬਰ (A-number) ਦੀ ਲੋੜ ਹੋਵੇਗੀ। (ਉਦਾਹਰਨ: A 000-000-000)। ਇਹ ਨੰਬਰ ਸਰਕਾਰ ਦੁਆਰਾ ਅਸਾਈਨ ਕੀਤਾ ਜਾਂਦਾ ਹੈ ਅਤੇ ਇਮਿਗ੍ਰੇਸ਼ਨ ਦੇ ਦਸਤਾਵੇਜ਼ਾਂ ਵਿੱਚ ਵਿਖਾਈ ਦਿੰਦਾ ਹੈ।
- ਆਟੋਮੇਟਿਡ ਕੇਸ ਇਨਫਰਮੇਸ਼ਨ ਸਿਸਟਮ (Automated Case Information System) ਦੀ ਵਰਤੋਂ ਕਰ ਕੇ ਆਪਣੀ ਸੁਣਵਾਈ ਦੀ ਜਾਣਕਾਰੀ ਵੇਖੋ। ਹੇਠਾਂ ਦੋ ਤਰੀਕੇ ਦਿੱਤੇ ਗਏ ਹਨ:
  - 1-800-898-7180 'ਤੇ ਹੋਟਲਾਈਨ 'ਤੇ ਕਾਲ ਕਰੋ। ਆਪਣਾ A-ਨੰਬਰ ਦਾਖਲ ਕਰੋ ਅਤੇ ਆਪਰੇਟਰ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।
  - ਵੈੱਬਪੇਜ 'ਤੇ ਜਾਓ: https://acis.eoir.justice.gov/en/. ਖੋਜ ਬਾਕਸ ਵਿੱਚ ਆਪਣਾ A-ਨੰਬਰ ਟਾਈਪ ਕਰੋ ਅਤੇ "Enter" (ਦਾਖਲ ਹੋਵੋ) 'ਤੇ ਕਲਿੱਕ ਕਰੋ।

ਇਹ ਫਲਾਇਅਰ ਸਿਰਫ਼ ਆਮ ਜਾਣਕਾਰੀ ਦਿੰਦਾ ਹੈ। ਇਹ ਕਨੂੰਨੀ ਸਲਾਹ ਨਹੀਂ ਹੈ। ਕਨੂੰਨੀ ਸਲਾਹ ਲਈ ਕਿਸੇ ਅਟਾਰਨੀ ਤੋਂ ਰਾਏ ਲਓ।

NYC Mayor's Office of Immigrant Affairs

# ਇਮੀਗ੍ਰੇਸ਼ਨ ਕੋਰਟ 101

Punjabi | ਪੰਜਾਬੀ

## ਤੁਹਾਡੀ ਰੂ-ਬ-ਰੂ ਸੁਣਵਾਈ ਨੂੰ ਵਰਚੁਅਲ/ਟੈਲੀਫ਼ੋਨ ਦੁਆਰਾ ਸੁਣਵਾਈ ਵਿੱਚ ਬਦਲਣਾ

ਜੇਕਰ ਤੁਸੀਂ ਆਪਣੀ ਇਮੀਗ੍ਰੇਸ਼ਨ ਕੋਰਟ ਦੀ ਰੂ-ਬ-ਰੂ ਸੁਣਵਾਈ ਨੂੰ ਆਨਲਾਈਨ ਜਾਂ ਟੈਲੀਫ਼ੋਨ ਫਾਰਮੈਟ ਵਿੱਚ ਬਦਲਣਾ ਚਾਹੁੰਦੇ ਹੋ, ਤਾਂ ਤੁਹਾਨੂੰ ਕੋਰਟ ਵਿੱਚ ਇੱਕ ਰਸਮੀ ਬੇਨਤੀ ਦਾਇਰ ਕਰਨੀ ਪਵੇਗੀ। ਅਗਲੀ ਨਿਰਧਾਰਿਤ ਸੁਣਵਾਈ ਦੀ ਤਾਰੀਖ਼ ਤੋਂ ਪਹਿਲਾਂ ਜਿੰਨੀ ਜਲਦੀ ਹੋ ਸਕੇ, ਇਹ ਬੇਨਤੀ ਪੇਸ਼ ਕਰਨਾ ਜ਼ਰੂਰੀ ਹੈ। ਅਜਿਹਾ ਕਰਦੇ ਸਮੇਂ, ਤੁਹਾਨੂੰ **ਕਿਸੇ ਅਟਾਰਨੀ ਤੋਂ ਰਾਏ ਲੈਣਾ** ਯਾਦ ਰੱਖਣਾ ਪਵੇਗਾ।



- ਕਨੂੰਨੀ ਸਲਾਹ ਕਿਸੇ ਅਟਾਰਨੀ ਤੋਂ ਲੈਣੀ ਚਾਹੀਦੀ ਹੈ, ਜੋ ਜ਼ਰੂਰੀ ਕਾਗਜ਼ਾਤ ਸਹੀ ਢੰਗ ਨਾਲ ਤਿਆਰ ਕਰਨ ਅਤੇ ਉਨ੍ਹਾਂਨੂੰ ਦਾਇਰ ਕਰਨ ਵਿੱਚ ਮਦਦ ਕਰ ਸਕਦਾ ਹੈ।
- ਤੁਹਾਨੂੰ ਕੋਰਟ ਵਿੱਚ ਸੁਣਵਾਈ ਦਾ ਫਾਰਮੈੱਟ ਬਦਲਣ ਲਈ ਪ੍ਰਸਤਾਵ (Motion to Change Hearing Format) ਦਾਖਲ ਕਰਨਾ ਪਵੇਗਾ। ਇਮੀਗ੍ਰੇਸ਼ਨ ਜੱਜ ਬੇਨਤੀ ਦੀ ਸਮੀਖਿਆ ਕਰਨਗੇ ਅਤੇ ਤੁਹਾਨੂੰ ਜਾਂ ਤੁਹਾਡੇ ਅਟਾਰਨੀ ਨੂੰ ਫੈਸਲੇ ਬਾਰੇ ਦੱਸਣਗੇ।
- ਜੇਕਰ ਪ੍ਰਸਤਾਵ ਮਨਜ਼ੂਰ ਕੀਤਾ ਜਾਂਦਾ ਹੈ, ਤਾਂ ਸੁਣਵਾਈ ਆਨਲਾਈਨ ਹੋਵੇਗੀ; ਜੇਕਰ ਉਹ ਨਾਮਜ਼ੂਰ ਕਰ ਦਿੱਤਾ ਜਾਂਦਾ ਹੈ, ਤਾਂ ਸੁਣਵਾਈ ਰੂ-ਬ-ਰੂ ਹੀ ਹੋਵੇਗੀ।

## ਕਨੂੰਨੀ ਨੁਮਾਇੰਦਗੀ ਲੱਭਣਾ

ਪਿਛਲੇ ਕੁਝ ਮਹੀਨਿਆਂ ਵਿੱਚ, ਇਮੀਗ੍ਰੇਸ਼ਨ ਕੋਰਟ ਦੇ ਅੰਦਰ ਇਮੀਗ੍ਰੇਸ਼ਨ ਲਾਗੂ ਕਰਨ ਦੀ ਗਤੀਵਿਧੀ ਦੀਆਂ ਖ਼ਬਰਾਂ ਆਈਆਂ ਹਨ। ਜੇਕਰ ਤੁਹਾਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ, ਤਾਂ ਤੁਸੀਂ ਪਹਿਲਾਂ ਹੀ ਇੱਕ ਯੋਜਨਾ ਤਿਆਰ ਰੱਖ ਸਕਦੇ ਹੋ। ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ ਅਟਾਰਨੀ ਨਾਲ ਗੱਲ ਕਰੋ।

**ਮੁਫ਼ਤ ਅਤੇ ਇਮੀਗ੍ਰੇਸ਼ਨ ਕਨੂੰਨੀ ਸਹਾਇਤਾ ਲਈ ਮੇਯਰ ਦਾ ਪ੍ਰਵਾਸੀ ਮਾਮਲਿਆਂ ਦਾ ਦਫ਼ਤਰ (Mayor's Office of Immigrant Affairs, MOIA) ਦੀ ਇਮੀਗ੍ਰੇਸ਼ਨ ਲੀਗਲ ਸਪੋਰਟ ਹਾਟਲਾਈਨ 'ਤੇ ਕਾਲ ਕਰੋ:**

**1-800-354-0365**

ਸੋਮਵਾਰ ਤੋਂ ਸ਼ੁੱਕਰਵਾਰ, 9 ਵਜੇ ਤੋਂ 6 ਵਜੇ    ਇੰਟਰਪ੍ਰੇਟੇਸ਼ਨ ਉਪਲਬਧ ਹੈ

ਹਰੇਕ ਇਮੀਗ੍ਰੇਸ਼ਨ ਕੋਰਟ ਕੋਲ ਨੇੜਲੇ ਮੁਫ਼ਤ ਜਾਂ ਘੱਟ ਖ਼ਰਚੇ ਵਾਲੇ ਇਮੀਗ੍ਰੇਸ਼ਨ ਕਨੂੰਨੀ ਸੇਵਾ ਪ੍ਰਦਾਤਾਵਾਂ ਦੀ ਇੱਕ ਸੂਚੀ ਹੁੰਦੀ ਹੈ।

ਆਪਣੇ ਕੋਰਟ ਦੇ ਨੇੜੇ ਮੁਫ਼ਤ ਇਮੀਗ੍ਰੇਸ਼ਨ ਕਨੂੰਨੀ ਸੰਸਥਾਵਾਂ ਦੀ ਸੂਚੀ ਪਹਿਲਾਂ ਤੋਂ ਦੇਖਣ ਲਈ QR ਕੋਡ ਨੂੰ ਸਕੈਨ ਕਰੋ ਜਾਂ ਇਸ ਵੈੱਬਸਾਈਟ 'ਤੇ ਜਾਓ: www.justice.gov/eoir/list-pro-bono-legal-service-providers

ਇਹ ਫਲਾਇਅਰ ਸਿਰਫ਼ ਆਮ ਜਾਣਕਾਰੀ ਦਿੰਦਾ ਹੈ। ਇਹ ਕਨੂੰਨੀ ਸਲਾਹ ਨਹੀਂ ਹੈ। ਕਨੂੰਨੀ ਸਲਾਹ ਲਈ ਕਿਸੇ ਅਟਾਰਨੀ ਤੋਂ ਰਾਏ ਲਓ।